Delta School District
"Where Learning Matters"

# PUNJABI 11

## CHALLENGE EXAM 2011

# READING COMPONENT

**Maximum Time: 50 minutes**

**NAME:** ________________________________
**(print clearly)**

**SIGNATURE:**________________________________

**P E N:** ________________________________
**(print clearly)**

Reading Component Mark: _____ /25

GENERAL INSTRUCTIONS:

1. Fill in your name, signature and PEN number above.
2. Ensure that you have all the required pages for this component of the examination.
3. Answer questions 1-25 on the Scantron form provided using an HB pencil. You must ensure that your NAME and PEN number appear at the bottom of your Scantron form.

**There are 15 pages in this component (pages 1-15).**

**Reading Component** **Section I**

**Value: 10 marks** **Suggested Time: 15 minutes**

**ਹਦਾਇਤਾਂ:** **ਹੇਠ ਲਿਖੀ ਅਖ਼ਬਾਰ ਦੀ ਖ਼ਬਰ '*ਗਣਿਤ ਦੇ ਮੁਕਾਬਲੇ*' ਨੂੰ ਧਿਆਨ ਨਾਲ ਪੜ੍ਹੋ। 1-10 ਤੱਕ ਸੁਆਲਾਂ ਦੇ ਖ਼ਬਰ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਦੇ ਸਹੀ ਅੱਖਰ ਨੂੰ ਭਰੋ ।**

***Instructions:*** *Read the news article* 'ganit de mukabley' *Select the best answer according to the article for questions 1 to 10 and record your answers on the Scantron sheet.*

# ਗਣਿਤ ਦੇ ਮੁਕਾਬਲੇ

ਵੈਨਕੂਵਰ- ਕਲ੍ਹ ਸਨਿਚਰਵਾਰ ਨੂੰ ਸਰੀ ਯੂਨੀਵਰਸਿਟੀ ਦੁਆਰਾ ਦਸਵੀਂ ਤੋਂ ਬਾਰਵ੍ਹੀਂ ਗਰੇਡ ਦੇ ਗਣਿਤ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬੀ.ਸੀ. ਦੇ ਵੱਖ ਵੱਖ ਸ਼ਹਿਰਾਂ ਦੇ ਚਾਲ੍ਹੀ ਸਕੂਲਾਂ ਤੋਂ ਆਏ ਵਿਦਿਆਰਥੀਆਂ ਨੇ ਹਿੱਸਾ ਲਿਆ। ਹਰ ਇੱਕ ਸਕੂਲ ਨੇ ਪਹਿਲਾਂ ਆਪਣੇ ਸਕੂਲ ਵਿੱਚ ਮੁਕਾਬਲੇ ਕਰਵਾਏ ਅਤੇ ਉਨ੍ਹਾਂ ਵਿੱਚ ਪਹਿਲੇ ਤੇ ਦੂਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ।

ਇਹ ਮੁਕਾਬਲੇ ਸਰੀ ਯੂਨੀਵਰਸਿਟੀ ਦੇ ਗਣਿਤ ਦੇ ਡੀਪਾਰਟਮੈਨਟ ਵਲੋਂ ਕਰਵਾਏ ਗਏ ਸਨ। ਇਸ ਡੀਪਾਰਟਮੈਂਟ ਦੇ ਡੀਨ, ਡਾ: ਸ਼ਰਮਾ ਨੇ ਪਤਰ ਪ੍ਰੇਰਕਾਂ ਨੂੰ ਦਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਸਕੂਲ ਬੱਚਿਆਂ ਵਿੱਚ ਗਣਿਤ ਲਈ ਉਤਸ਼ਾਹ ਪੈਦਾ ਕਰਨਾ ਹੈ। ਉਨ੍ਹਾਂ ਇਹ ਵੀ ਜ਼ੋਰ ਦਿਤਾ ਕਿ ਚਾਹੇ ਸਾਇੰਸ ਹੋਵੇ ਜਾਂ ਇੰਨਜੀਨੀਅਰਿੰਗ ਜਾਂ ਫਿਰ ਹੋਰ ਕੋਈ ਖੇਤਰ, ਹਰੇਕ ਵਿੱਚ ਗਣਿਤ ਦਾ ਗਿਆਨ ਹੋਣਾ ਜਰੂਰੀ ਹੁੰਦਾ ਹੈ।

ਇਨ੍ਹਾਂ ਹੋਏ ਮੁਕਾਬਲਿਆਂ ਵਿੱਚ ਬਾਰ੍ਹਵੀਂ ਗਰੇਡ ਵਿੱਚੋਂ ਪੋਰਟ ਕੋਕੁਇਟਲਮ ਦੇ ਵਿਦਿਆਰਥੀ ਗੁਰਨਾਮ ਸਿੰਘ ਘੇਰਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਰੀ ਦੀ ਜੋਤੀ ਅਰੋੜਾ ਨੇ ਗਿਆਰਵੀਂ ਗਰੇਡ ਅਤੇ ਐਬਟਸਫੋਰਡ ਦੇ ਮੁਨੀਸ਼ ਕੁਮਾਰ ਨੇ ਦਸਵੀਂ ਗਰੇਡ ਦੇ ਮੁਕਾਬਲੇ ਵਿੱਚ ਪਹਿਲੇ ਦਰਜੇ ਦਾ ਸਥਾਨ ਪਰਾਪਤ ਕੀਤਾ। ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਡਾ:ਜਿਲਿਆਨੀ, ਯੂਨੀਵਰਸਿਟੀ ਦੇ ਡੀਨ, ਨੇ ਇੱਕ ਇੱਕ ਸਰੀ ਯੂਨੀਵਰਸਿਟੀ ਦੇ ਲੋਗੋ ਵਾਲੀ ਜਰਸੀ, ਦਿਤੀ । ਸਾਰੇ ਜੇਤੂਆਂ ਨੂੰ ਡਾ: ਸਿੰਘ ਨੇ ਇੱਕ ਇੱਕ ਟਰਾਫ਼ੀ ਦੇ ਨਾਲ ਪੰਜ ਸੌ ਡਾਲਰ ਦਾ ਇਨਾਮ ਵੀ ਦਿਤਾ।

| | |
|---|---|
| ਹਦਾਇਤਾਂ : | 1 ਤੋਂ 10 ਤੱਕ ਸੁਆਲਾਂ ਦੇ ਖ਼ਬਰ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the news for questions 1 to 10 and record your answers on the Scantron sheet.* |

1. ਸਰੀ ਦੇ ਗਣਿਤ ਦੇ ਮੁਕਾਬਲੇ ਵਿੱਚ ਬੀ.ਸੀ. ਦੇ ਕਿੰਨੇ ਸਕੂਲਾਂ ਨੇ ਭਾਗ ਲਿਆ?

A. 20
B. 30
C. 40
D. 50

2. ਇਸ ਮੁਕਾਬਲੇ ਵਿਚੱ ਕਿਹੜੇ ਕਿਹੜੇ ਗਰੇਡ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ?

A. ਦਸਵੀਂ
B. ਗਿਅਰਵੀਂ
C. ਬਾਰ੍ਹਵੀਂ
D. ਤਿੰਨਾਂ ਗਰੇਡਾ ਦੇ

3. ਇਸ ਮੁਕਾਬਲੇ ਨੂੰ ਕਿਸ ਨੇ ਸਪੌਂਸਰ ਕੀਤਾ ਸੀ?

A. ਸਰੀ ਯੂਨੀਵਰਸਿਟੀ
B. ਕਲੋਨਾ ਯੂਨੀਵਰਸਿਟੀ
C. ਬੀ. ਸੀ. ਯੂਨੀਵਰਸਿਟੀ
D. ਐਬਟਸਫੋਰਡ ਯੂਨੀਵਰਸਿਟੀ

4. ਇਸ ਯੂਨੀਵਰਸਿਟੀ ਦੇ ਗਣਿਤ ਡੀਪਾਰਮੈਂਟ ਦੇ ਡੀਨ ਕੌਣ ਹਨ?

A. ਡਾਂ ਸਿੰਘ
B. ਡਾ: ਸ਼ਰਮਾ
C. ਡਾ: ਵਰਮਾ
D. ਡਾ: ਜਿਲਿਆਨੀ

5. ਇਸ ਮੁਕਾਬਲੇ ਦਾ ਮੁੱਖ ਉਦੇਸ਼ ਕੀ ਸੀ?

A. ਗਣਿਤ ਲਈ ਬੱਚਿਆਂ ਨੂੰ ਉਤਸਾਹਿਤ ਕਰਨਾ
B. ਸਾਇੰਸ ਲਈ ਬੱਚਿਆਂ ਨੂੰ ਉਤਸਾਹਿਤ ਕਰਨਾ
C. ਉਚੱ ਵਿਦਿਆ ਲਈ ਬੱਚਿਆਂ ਨੂੰ ਉਤਸਾਹਿਤ ਕਰਨਾ
D. ਇੰਨਜਨੀਅਰਿੰਗ ਲਈ ਬੱਚਿਆਂ ਨੂੰ ਉਤਸਾਹਿਤ ਕਰਨਾ

6. ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਚੋਣ ਕਿਵੇਂ ਕੀਤੀ ਗਈ ਸੀ?

A. ਸਕੂਲ ਦੇ ਟੀਚਰ ਵਲੋਂ
B. ਸਕੂਲ ਦੇ ਪ੍ਰਿੰਸੀਪਲ ਵਲੋਂ
C. ਸਕੂਲ ਦੇ ਸੁਪਇੰਟੈਂਡੈਂਟ ਵਲੋਂ
D. ਸਕੂਲ ਦੇ ਮੁਕਾਬਲੇ ਵਿਚੋਂ ਜਿਤਣ ਵਾਲੇ

7. ਇਹ ਮੁਕਾਬਲੇ ਕਿੱਥੇ ਆਯੋਜਿਤ ਕੀਤੇ ਗਏ ਸਨ?

A. ਸਰੀ ਵਿੱਚ
B. ਕਲੋਨਾ ਵਿੱਚ
C. ਵੈਨਕੂਵਰ ਵਿੱਚ
D. ਐਬਟਸਫੋਰਡ ਵਿੱਚ

8. ਬਾਰ੍ਹਵੀਂ ਗਰੇਡ ਦੇ ਵਿਜੈਤਾ -------- ਸਨ?

A. ਜੋਤੀ ਅਰੋੜਾ
B. ਗੁਰਨਾਮ ਸਿੰਘ
C. ਮਨੀਸ ਕੁਮਾਰ
D. ਪਰਵੀਨ ਕੁਮਾਰ

9. ਭਾਗ ਲੈਣ ਵਾਲਿਆਂ ਨੂੰ ਕੀ ਦਿਤਾ ਗਿਆ?

A. ਟਰਾਫੀ
B. ਪੰਜ ਸੌ ਡਾਲਰ
C. ਲੋਗੋ ਵਾਲੀ ਜਰਸੀ
D. ਜਰਸੀ ਅਤੇ ਟਰਾਫ਼ੀ

10. ਇਹ ਖ਼ਬਰ ਕਿਥੋਂ ਰੀਲੀਜ਼ ਕੀਤੀ ਗਈ?

A. ਸਰੀ
B. ਰਿਚਮੰਡ
C. ਵੈਨਕੂਵਰ
D. ਐਬਟਸਫੋਰਡ

**Reading Component** **Section I1**

**Value: 5 marks** **Suggested Time: 10 minutes**

| | |
|---|---|
| ਹਦਾਇਤਾਂ: | ਹੇਠ ਲਿਖੀ ਕਹਾਣੀ *'ਘੁੰਡ'* ਨੂੰ ਧਿਆਨ ਨਾਲ ਪੜ੍ਹੋ। 11-15 ਤੱਕ ਸੁਆਲਾਂ ਦੇ ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਦੇ ਸਹੀ ਅੱਖਰ ਭਰੋ । |
| ***Instructions:*** | *Read the story* 'Ghund' *Select the best answer according to the story for questions 11 to 15 and record your answers on the Scantron sheet.* |

# ਘੁੰਡ

ਅਰਜਣ ਸਿੰਘ ਜਲੰਧਰ ਤੋਂ ਮੋਗੇ ਲਈ ਬੱਸ ਵਿੱਚ ਬੈਠਾ। ਬੱਸ ਦੋ ਘੰਟੇ ਵਿੱਚ ਮੋਗੇ ਪਹੁੰਚ ਗਈ। ਉਸਦੀ ਅਗਲੀ ਸੀਟ ਤੇ ਇਕ ਨੌਜਵਾਨ ਲੜਕੀ ਬੈਠੀ ਸੀ ਜਿਸਨੇ ਜਲੰਧਰ ਤੋਂ ਮੋਬਾਈਲ ਕੰਨ ਨੂੰ ਲਾਇਆ ਅਤੇ ਮੋਗੇ ਆ ਕੇ ਲਾਹਿਆ। ਪੂਰੇ ਦੋ ਘੰਟੇ ਗਲਾਂ ਹੀ ਕਰਦੀ ਰਹੀ। ਜਿਉਂ ਜਿਉਂ ਲੜਕੀ ਮੋਬਾਈਲ ਤੇ ਗੱਲਾਂ ਕਰਦੀ, ਅਰਜਣ ਸਿੰਘ ਦਾ ਬਲੱਡ ਪ੍ਰੈਸ਼ਰ ਵੱਧਦਾ ਜਾਂਦਾ।

ਜਦ ਉਹ ਬਾਰ ਬਾਰ ਆਖਦੀ," ਬੱਸ ਗੁਰਜੀਤੇ ਕੁਝ ਘੰਟਿਆਂ ਦੀ ਹੀ ਤਾਂ ਗੱਲ ਐ। ਐਡੀ ਵੀ ਕੀ ਬੇਸਬਰੀ?" ਅਰਜਣ ਸਿੰਘ ਦਾ ਗੁੱਸੇ ਨਾਲ ਲਾਲ ਚਿਹਰਾ ਹੋਰ ਵੀ ਲਾਲ ਹੋ ਜਾਂਦਾ। ਉਸ ਦਾ ਦਿਲ ਕਰੇ ਕਿ ਕੁੜੀ ਤੋਂ ਮੋਬਾਈਲ ਖੋਹ ਕੇ ਬਾਹਰ ਸੁੱਟ ਦੇਵੇ। ਬੇਸ਼ਰਮੇਂ, ਕੁਝ ਤਾਂ ਸ਼ਰਮ ਕਰ। ਜਲੰਧਰ ਤੋਂ ਲਗੀ ਹੋਈ ਏਂ ਟੈਂ ਟੈਂ ਕਰਨ। ਮਾਂ ਬਾਪ ਕੀ ਸੋਚਦੇ ਹੋਣਗੇ। ਸ਼ਰਮ ਨਾਲ ਵਿਚਾਰੇ ਮਰ ਹੀ ਗਏ ਹੋਣਗੇ ਅਜਿਹੀ ਗੰਦੀ ਔਲਾਦ ਤੋਂ।

ਮੋਗੇ ਬੱਸ ਕਲੋਤੀ। ਕੁੜੀ ਜਦ ਬੱਸ ਤੋਂ ਉਤਰੀ ਅਗੋਂ ਅਰਜਣ ਸਿੰਘ ਦੀ ਪੋਤੀ, ਗੁਰਜੀਤ ਕੌਰ, ਉਸ ਨੂੰ ਉਡੀਕ ਰਹੀ ਸੀ। ਅਰਜਣ ਸਿੰਘ ਨੇ ਜਦ ਬੁੜ ਬੁੜ ਕਰਦੇ ਨੇ ਸ਼ੀਸ਼ੇ ਵਿੱਚ ਦੀ ਆਪਣੀ ਪੋਤੀ ਨੂੰ ਉਸ ਕੁੜੀ ਦੇ ਗਲੇ ਮਿਲਦਿਆਂ ਦੇਖਿਆ ਤਾਂ ਮੋਬਾਈਲ ਵਾਲੀ ਗੱਲ ਸਮਝ ਆਈ। ਮੋਢੇ ਤੇ ਟੰਗੇ ਪਰਨੇ ਦਾ ਘੁੰਡ ਜਿਹਾ ਕੱਢ ਕੇ ਆਪਣੀ ਪੋਤੀ ਕੋਲ ਦੀ ਇੰਜ ਲੰਘ ਗਿਆ ਜਿਵੇਂ ਉਸ ਨੇ ਕੁਝ ਵੇਖਿਆ ਹੀ ਨਾ ਹੋਵੇ।

| | |
|---|---|
| ਹਦਾਇਤਾਂ : | 11 ਤੋਂ 15 ਤੱਕ ਸੁਆਲਾਂ ਦੇ ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the story for questions 11 to 15 and record your answers on the Scantron sheet.* |

11. ਅਰਜਣ ਸਿੰਘ ਕਿਹੜੇ ਰੂਟ ਦੀ ਬੱਸ ਵਿੱਚ ਸਫ਼ਰ ਕਰ ਰਿਹਾ ਸੀ?

A. ਜਲੰਧਰ ਤੋਂ ਮੋਗਾ
B. ਜਲੰਧਰ ਤੋਂ ਮੁਹਾਲੀ
C. ਜਲੰਧਰ ਤੋਂ ਫ਼ਗਵਾੜਾ
D. ਜਲੰਧਰ ਤੋਂ ਪਠਾਨਕੋਟ

12. ਲੜਕੀ ਨੂੰ ਫ਼ੋਨ ਤੇ ਗਲ਼ਾਂ ਕਰਦਿਆਂ ਦੇਖ ਅਰਜਣ ਸਿੰਘ ਨੂੰ ਕੀ ਮਹਿਸੂਸ ਹੋ ਰਿਹਾ ਸੀ?

A. ਗੁੱਸਾ ਆ ਰਿਹਾ ਸੀ
B. ਸ਼ਰਮ ਆ ਰਹੀ ਸੀ
C. ਖੁਸ਼ੀ ਮਹਿਸੂਸ ਹੋ ਰਹੀ ਸੀ
D. ਨੀਚਤਾ ਦਾ ਅਭਾਵ ਹੋ ਰਿਹਾ ਸੀ

13. ਅਰਜਣ ਸਿੰਘ ਨੂੰ ਕੁੜੀ ਦੀਆਂ ਮੋਬਾਈਲ ਤੇ ਕੀਤੀਆਂ ਗੱਲਾਂ ਸੁਣ ਕੇ ਗਲਤ ਫ਼ਹਿਮੀ ਹੋ ਰਹੀ ਸੀ ਕਿ ਉਹ ਆਪਣੇ...

A. ਡਾਕਟਰ ਨਾਲ ਗੱਲ ਕਰ ਰਹੀ ਸੀ
B. ਅਧਿਆਪਕ ਨਾਲ ਗੱਲਾਂ ਕਰ ਰਹੀ ਸੀ
C. ਰਿਸ਼ਤੇਦਾਰਾਂ ਨਾਲ ਗੱਲਾਂ ਕਰ ਰਹੀ ਸੀ
D. ਮੁੰਡੇ ਮਿਤਰ ਨਾਲ ਗੱਲਾਂ ਕਰ ਰਹੀ ਸੀ

14. ਨੌਜਵਾਨ ਕੁੜੀ ਦਾ ਬੱਸ ਅੱਡੇ ਤੇ ਕੌਣ ਇੰਤਜ਼ਾਰ ਕਰ ਰਿਹਾ ਸੀ?

A. ਅਰਜਣ ਸਿੰਘ ਦੀ ਪੋਤੀ
B. ਅਰਜਣ ਸਿੰਘ ਦੀ ਦੋਹਤੀ
C. ਅਰਜਣ ਸਿੰਘ ਦੀ ਭਤੀਜੀ
D. ਅਰਜਣ ਸਿੰਘ ਦੀ ਭਾਣਜੀ

15. ਬੱਸ ਅੱਡੇ ਤੋਂ ਅਰਜਣ ਸਿੰਘ ਮੂੰਹ ਲੁਕਾ ਕੇ ਕਿਉਂ ਲੰਘਿਆ ਸੀ?

A. ਕਿਉਂਕਿ ਉਹ ਬਹੁਤ ਗੁੱਸੇ ਵਿੱਚ ਸੀ
B. ਕਿਉਂਕਿ ਉਹ ਪਛਾਣਿਆ ਨਹੀ ਸੀ ਜਾਣਾ ਚਾਹੁੰਦਾ
C. ਕਿਉਂਕਿ ਉਸ ਨੂੰ ਆਪਣੇ ਬੱਚਿਆਂ ਤੇ ਬਹੁਤ ਨਾਜ਼ ਸੀ
D. ਕਿਉਂਕਿ ਉਸ ਦਾ ਬਲੱਡ ਪ੍ਰੈਸ਼ਰ ਬਹੁਤ ਵੱਧ ਗਿਆ ਸੀ

**Reading Component** **Section I11**

**Value: 5 marks** **Suggested Time: 10 minutes**

| | |
|---|---|
| ਹਦਾਇਤਾਂ: | ਹੇਠ ਲਿਖੀ ਲੋਕ-ਕਹਾਣੀ ' *ਆਧਾਰ* ' ਨੂੰ ਧਿਆਨ ਨਾਲ ਪੜ੍ਹੋ। 15-20 ਤੱਕ ਸੁਆਲਾਂ ਦੇ ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਦੇ ਸਹੀ ਅੱਖਰ ਭਰੋ । |
| ***Instructions:*** | *Read the Folk. tale* 'Adhaar.' *Select the best answer according to the tale for questions 15 to20 and record your answers on the Scantron sheet.* |

## ਆਧਾਰ

ਇੱਕ ਪਿੰਡ ਵਿੱਚ ਇੱਕ ਅਮੀਰ ਵਿਅਕਤੀ ਰਹਿੰਦਾ ਸੀ। ਉਹ ਹਰ ਰੋਜ਼ ਘਿਓ ਦਾ ਦੀਵਾ ਜਗਾ ਕੇ ਮੰਦਰ ਵਿੱਚ ਰੱਖਦਾ ਸੀ। ਉਸੇ ਹੀ ਪਿੰਡ ਵਿੱਚ ਇੱਕ ਗਰੀਬ ਵਿਅਕਤੀ ਸੀ। ਉਹ ਸਰ੍ਹੋਂ ਦੇ ਤੇਲ ਦਾ ਇੱਕ ਦੀਵਾ ਜਗਾ ਕੇ ਹਰ ਰੋਜ਼ ਗਲੀ ਵਿੱਚ ਰੱਖ ਦਿੰਦਾ ਸੀ। ਉਸ ਗਲੀ ਵਿੱਚ ਕੋਈ ਲਾਈਟ ਨਹੀ ਸੀ, ਹਨੇਰਾ ਰਹਿੰਦਾ ਸੀ।

ਮਰਨ ਉਪਰੰਤ ਜਦੋਂ ਦੋਵੇਂ ਧਰਮਰਾਜ ਕੋਲ ਪਹੁੰਚੇ ਤਾਂ ਅਮੀਰ ਵਿਅਕਤੀ ਨੂੰ ਨੀਵੇਂ ਦਰਜੇ ਦੀਆਂ ਸਹੂਲਤਾਂ ਦਿਤੀਆਂ ਗਈਆਂ ਅਤੇ ਗਰੀਬ ਆਦਮੀ ਨੂੰ ਉਚ ਵਰਗ ਦੀਆਂ।

ਇਹ ਸੱਭ ਕੁਝ ਦੇਖ ਕੇ ਅਮੀਰ ਵਿਅਕਤੀ ਨੇ ਧਰਮਰਾਜ ਕੋਲੋਂ ਪੁਛਿਆ, " ਇਹ ਮੱਤ ਭੇਦ ਕਿਉਂ? ਮੈਂ ਤਾਂ ਹਰ ਰੋਜ਼ ਭਗਵਾਨ ਦੇ ਮੰਦਰ ਵਿੱਚ ਦੀਵਾ ਜਗਾਉਂਦਾ ਸੀ ਅਤੇ ਉਹ ਵੀ ਦੇਸੀ ਘਿਉ ਦਾ।"

ਧਰਮਰਾਜ ਹੱਸ ਪਿਆ । ਕਹਿਣ ਲਗਾ," ਪੁੰਨ ਕਰਨ ਦੀ ਮਹਾਨਤਾ ਕੀਮਤ ਦੇ ਆਧਾਰ ਤੇ ਨਹੀ ਹੁੰਦੀ ਸਗੋਂ ਕੰਮ ਦੀ ਉਪਯੋਗਤਾ ਦੇ ਆਧਾਰ ਤੇ ਹੁੰਦੀ ਹੈ।" ਮੰਦਰ ਵਿੱਚ ਤਾਂ ਪਹਿਲਾਂ ਹੀ ਰੋਸ਼ਨੀ ਸੀ। ਤੇਰੇ ਦੀਵੇ ਜਗਾਉਣ ਨਾਲ ਉਥੇ ਕੋਈ ਫ਼ਰਕ ਨਹੀ ਪਿਆ। ਇਸ ਗਰੀਬ ਨੇ ਉਥੇ ਦੀਵੇ ਜਗਾਏ ਹਨ ਅਤੇ ਰੋਸ਼ਨੀ ਫ਼ੈਲਾਈ ਜਿਸ ਨਾਲ ਹਜ਼ਾਰਾਂ ਲੋਕਾਂ ਨੂੰ ਫ਼ਾਇਦਾ ਹੋਇਆ। ਤੇਰੇ ਦੀਵੇ ਦੀ ਰੋਸ਼ਨੀ ਨਾਲੋਂ ਉਸ ਦੇ ਦੀਵੇ ਦੀ ਰੋਸ਼ਨੀ ਦੀ ਉਪਯੋਗਤਾ ਜ਼ਿਆਦਾ ਸੀ।

ਇਸ ਕਹਾਣੀ ਦਾ ਤੱਤਸਾਰ ਇਹ ਹੈ ਕਿ ਪੁੰਨ ਦਾ ਮਹੱਤਵ ਕੀਮਤ ਜਾਂ ਪੈਸੇ ਦੇ ਆਧਾਰ ਤੇ ਨਹੀਂ ਸਗੋਂ ਕਰਮਾਂ ਨੂੰ ਦੇਖ ਕੇ ਮਿਲਣਾ ਹੈ ।"

| | |
|---|---|
| ਹਦਾਇਤਾਂ : | 16 ਤੋਂ 20 ਤੱਕ ਸੁਆਲਾਂ ਦੇ ਲੋਕ-ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the folk tale for questions 16 to 20 and record your answers on the Scantron sheet.* |

16. ਗਰੀਬ ਆਦਮੀ ਹਰ ਰੋਜ਼ ਦੀਵਾ ਜਗਾ ਕੇ ਕਿੱਥੇ ਰੱਖਦਾ ਸੀ?

A. ਘਰ ਵਿੱਚ
B. ਗਲੀ ਵਿੱਚ.
C. ਮੰਦਰ ਵਿੱਚ
D. ਗੁਰਦਵਾਰੇ ਵਿੱਚ

17. ਅਮੀਰ ਵਿਅਕਤੀ ਹਰ ਰੋਜ਼ ਦੀਵਾ ਕਿਸ ਨਾਲ ਜਗਾਉਂਦਾ ਸੀ?

A. ਦੇਸੀ ਘਿਉ ਨਾਲ
B. ਵਲੈਤੀ ਘਿਉ ਨਾਲ
C. ਸਰ੍ਹੋਂ ਦੇ ਤੇਲ ਨਾਲ
D. ਨਾਰੀਅਲ ਦੇ ਤੇਲ ਨਾਲ

18. ਧਰਮਰਾਜ ਨੇ ਅਮੀਰ ਵਿਅਕਤੀ ਨੂੰ ਕਿਸ ਤਰ੍ਹਾਂ ਦੀਆਂ ਸਹੂਲਤਾਂ ਦਿਤੀਆਂ?

A. ਮੱਧ ਦਰਜੇ ਦੀਆਂ
B. ਉਚੇ ਦਰਜੇ ਦੀਆਂ
C. ਸ਼ਾਹੀ ਦਰਜੇ ਦੀਆਂ
D. ਨੀਵੇਂ ਦਰਜੇ ਦੀਆਂ

19. ਅਮੀਰ ਆਦਮੀ ਦੇ ਮੱਤ ਭੇਦ ਦਾ ਸੁਆਲ ਸੁਣ ਕੇ ਧਰਮਰਾਜ ਦਾ ਕੀ ਪ੍ਰਤੀਕਰਮ ਸੀ?

A. ਹੱਸ ਪਿਆ
B. ਗੁੱਸੇ ਹੋ ਗਿਆ
C. ਸੋਚੀਂ ਪੈ ਗਿਆ
D. ਉਦਾਸ ਹੋ ਗਿਆ

20. "ਪੁੰਨ ਦੀ ਮਹਾਨਤਾ ਕੀਮਤ ਦੇ ਆਧਾਰ ਤੇ ਨਹੀ ਹੁੰਦੀ ਬਲਕਿ ਕੰਮ ਦੀ ਉਪਯੋਗਤਾ ਦੇ ਆਧਾਰ ਤੇ ਹੁੰਦੀ ਹੈ।" ਉਪਯੋਗਤਾ ਤੋਂ ਧਰਮਰਾਜ ਦਾ ਕੀ ਭਾਵ ਸੀ?

A. ਰੋਸ਼ਨੀ
B. ਸਵਾਦਲਾ
C. ਹਾਨੀਕਾਰਕ
D. ਲਾਭਦਾਇਕ

**Reading Component** **Section IV**

**Value: 5 marks** **Suggested Time: 10 minutes**

| | |
|---|---|
| ਹਦਾਇਤਾਂ: | ਹੇਠ ਲਿਖੇ ਲੇਖ '*ਨੋਬੈਲ ਸ਼ਾਤੀ ਪੁਰਸਕਾਰ*' ਨੂੰ ਧਿਆਨ ਨਾਲ ਪੜ੍ਹੋ। 21-25 ਤੱਕ ਸੁਆਲਦੇ ਲੇਖ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਦੇ ਸਹੀ ਅੱਖਰ ਤੇ ਭਰੋ। |
| ***Instructions:*** | *Read the article* 'Nobel Peace Prize' *Select the best answer according to the article for questions 21 to 25 and record your answers on the Scantron sheet.* |

## ਨੋਬੈਲ ਸ਼ਾਂਤੀ ਪੁਰਸਕਾਰ

ਸਟੌਕਹੋਮ:- ਅਲਫਰੈਡ ਨੋਬੈਲ ਦਾ ਜਨਮ 1833 ਵਿੱਚ ਸਵੀਡਨ ਦੇ ਸ਼ਹਿਰ ਸਟੌਕਹੋਮ ਵਿਖੇ ਹੋਇਆ। ਉਸ ਦਾ ਪਿਤਾ ਤਰ੍ਹਾਂ ਤਰ੍ਹਾ ਦੀਆਂ ਇਮਾਰਤਾਂ ਬਨਾਉਣ ਦਾ ਕੰਮ ਕਰਦਾ ਸੀ। ਉਹ ਬਰੂਦ ਦੀਆਂ ਗੋਲੀਆਂ ਵੀ ਬਣਾਉਦਾ ਸੀ, ਜਿਹੜੀਆਂ ਇਮਾਰਤਾਂ ਦੀ ਉਸਾਰੀ ਵੇਲੇ ਕੰਮ ਆਉਂਦੀਆਂ ਸਨ। ਨੋਬੈਲ ਨੇ ਆਪਣੇ ਪਿਤਾ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਉਸੇ ਤਰ੍ਹਾਂ ਹੀ ਵਿਸਫੌਟਕ (explosive)ਪਦਾਰਥਾਂ ਨਾਲ ਤਜਰਬੇ ਕਰਨੇ ਸ਼ੁਰੂ ਕਰ ਦਿਤੇ। ਪਰ ਲੋਕਾਂ ਨੂੰ ਪਹਾੜਾਂ ਅਤੇ ਪਥਰਾਂ ਨੂੰ ਹਟਾਉਣ ਲਈ ਸੁਰਖਿਅਤ ਤਰੀਕਿਆਂ ਦੀ ਕਾਢ ਕਰਨ ਦੀ ਲੋੜ ਸੀ ਤਾਂ ਕਿ ਉਨ੍ਹਾਂ ਨੂੰ ਹਟਾ ਕੇ ਸੜਕਾਂ, ਸੁਰੰਗਾਂ, ਅਤੇ ਨਹਿਰਾਂ ਬਣਾਈਆਂ ਜਾ ਸਕਣ।

ਨੋਬੈਲ ਦੇ ਪ੍ਰਯੋਗਸ਼ਾਲਾ ਵਿੱਚ ਹੋਏ ਇਕ ਧਮਾਕੇ ਦੌਰਾਨ ਉਸ ਦੇ ਭਰਾ ਅਤੇ ਅੱਠ ਹੋਰਨਾਂ ਦੀ ਮੌਤ ਹੋ ਗਈ। ਉਸ ਇਸ ਘਟਨਾ ਦਾ ਬਹੁਤ ਡੂੰਘਾ ਅਸਰ ਹੋਇਆ ਅਤੇ ਹੁਣ ਉਹ ਇੱਕ ਸੁਰੱਖਿਅਤ ਬਰੂ ਦੀ ਖੋਜ ਵਿੱਚ ਲਗ ਪਿਆ। ਥੋਹੜੇ ਹੀ ਸਾਲਾਂ ਬਾਅਦ ਨੋਬੈਲ ਦੀ ਇਹ ਕੋਸ਼ਿਸ਼ ਸਫ਼ਲ ਹੋਈ ਅਤੇ ਉਸ ਨੇ ਡਾਇਨਾਮਾਈਟ ਤਿਆਰ ਕੀਤਾ। ਇਸ ਨਾਲ ਪੂਰੀ ਦੁਨੀਆ ਵਿੱਚ ਹਰ ਉਸਾਰੀ ਕਰਨ ਵਾਲੇ ਡਾਈਨਾਮਾਈਟ ਦੀ ਵਰਤੋਂ ਕਰਨ ਲਗੇ। ਇਸ ਤਰ੍ਹਾਂ ਨੋਬੈਲ ਆਪਣੀ ਖੋਜ ਕਾਰਨ ਸਿਰਫ ਬਹੁਤ ਮਸ਼ਹੂਰ ਹੀ ਨਹੀ ਬਲਕਿ ਬਹੁਤ ਅਮੀਰ ਵੀ ਹੋ ਗਿਆ।

ਨੋਬੈਲ ਦੀ ਇਸ ਖੋਜ ਨੇ ਦੁਨੀਆਂ ਵਿੱਚ ਵਿਵਾਦ ਵੀ ਪੈਦਾ ਕਰ ਦਿਤਾ ਕਿਉਂਕਿ ਇਹ ਢੰਗ ਹਤਿਆਵਾਂ ਕਰਨ ਲਈ ਵੀ ਵਰਤਿਆ ਜਾ ਸਕਦਾ ਸੀ। ਪਰ ਨੋਬੈਲ ਸ਼ਾਂਤੀ ਬਰਕਰਾਰ ਰੱਖਣ ਲਈ ਵਚਨਬੱਧ ਸੀ। ਅਪਣੀ ਮੌਤ ਤੋਂ ਬਾਅਦ ਉਹ ਬਹੁਤ ਸਾਰਾ ਪੈਸਾ ਅਤੇ ਉਸ ਦੇ ਵਰਤਣ ਲਈ ਆਦੇਸ਼ ਛੱਡ ਗਿਆ ਜਿਨ੍ਹਾਂ ਵਿੱਚ ਹੋਰਨਾ ਚੀਜ਼ਾਂ ਦੇ ਨਾਲ ਨਾਲ ਹਰ ਸਾਲ ਸ਼ਾਂਤੀ ਪੁਰਸਕਾਰ ਲਈ ਵਿਅਕਤੀ ਚੁਣੇ ਜਾਣ ਜਿਹੜੇ ਦੁਨੀਆਂ ਵਿੱਚ ਅਲੱਗ ਅਲੱਗ ਤਰੀਕਿਆਂ ਨਾਲ  ਸ਼ਾਂਤੀ ਅਤੇ ਮਨੁਖੱਤਾ ਲਈ ਚੰਗੇ ਕੰਮ ਕਰਦੇ ਸਨ। ਸੰਨ 1901 ਤੋਂ ਇਹ ਇਨਾਮ ਵਿਗਿਆਨ, ਸਾਹਿਤ, ਅਤੇ ਸ਼ਾਂਤੀ ਫੈਲਾਉਣ ਦੇ ਖੇਤਰਾਂ ਵਿੱਚ ਦਿਤਾ ਜਾਂਦਾ ਹੈ।

| | |
|---|---|
| ਹਦਾਇਤਾਂ : | 21 ਤੋਂ 25 ਤੱਕ ਸੁਆਲਾਂ ਦੇ ਲੇਖ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the article for questions 21 to 25 and record your answers on the Scantron sheet.* |

21. ਅਲਫਰੈਡ ਨੋਬੈਲ ਦਾ ਜਨਮ ਕਿਹੜੇ ਦੇਸ ਵਿੱਚ ਹੋਇਆਂ?

A. ਹਾਲੈਂਡ
B. ਸਵੀਡਨ
C. ਇੰਗਲੈਂਡ
D. ਫਿਨਲੈਂਡ

22. 19ਵੀਂ ਸਦੀ ਦੇ ਸ਼ੁਰੂ ਵਿੱਚ ਬਾਰੂਦ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਸੀ?

A. ਕਾਰਾਂ ਨੂੰ ਹਟਾਉਣ ਲਈ
B. ਇਮਾਰਤਾਂ ਦੀ ਉਸਾਰੀ ਲਈ
C. ਘਰਾਂ ਵਿੱਚ ਫ਼ਰਸ਼ ਲਗਾਉਣ ਲਈ
D. ਪਹਾੜਾਂ ਦੇ ਪਥਰਾਂ ਨੂੰ ਹਟਾਉ ਲਈ

23. ਪਰਯੋਗਸ਼ਾਲਾ ਦੀ ਦੁਰਘਟਨਾ ਦਾ ਨੋਬੈਲ ਤੇ ਕੀ ਅਸਰ ਹੋਇਆ?

A. ਉਹ ਬਾਰੂਦੀ ਕੰਮ ਤੋਂ ਤੋਬਾ ਕਰ ਗਿਆ
B. ਉਹ ਇਕ ਕਿਤਾਬ ਲਿਖਣ ਲਗ ਪਿਆ
C. ਉਹ ਸੁਰੱਖਿਅਤ ਬਾਰੂਦ ਦੀ ਖੋਜ ਕਰਨ ਲਗਾ
D. ਉਹ ਆਪਣੇ ਪਿਤਾ ਨਾਲ ਬਹੁਤ ਨਰਾਜ਼ ਹੋ ਗਿਆ

24. ਨੋਬੈਲ ਦੀ ਖੋਜ ਨਾਲ ਦੁਨੀਆ ਵਿੱਚ ਵਿਵਾਦ ਕਿਉਂ ਪੈਦਾ ਹੋ ਗਿਆ।

A. ਬਹੁਤੇ ਲੋਕ ਬੇਰੁਜ਼ਗਾਰ ਹੋ ਗਏ
B. ਇਸ ਨਾਲ ਸੁਰੰਗਾਂ ਨਹੀ ਸਨ ਬਣਦੀਆਂ
C. ਇਹ ਬਰੂਦ ਬਿਲਕੁਲ ਕੰਮ ਦਾ ਨਹੀ ਸੀ
D. ਇਹ ਗਲਤ ਕੰਮਾਂ ਲਈ ਵਰਤਿਆ ਜਾ ਸਕਦਾ ਸੀ

25. ਨੋਬੈਲ ਸ਼ਾਂਤੀ ਪੁਰਸਕਾਰ ਕਿਸ ਲਈ ਨਹੀ ਦਿਤਾ ਜਾਂਦਾ?

A. ਮੈਡੀਕਲ ਖੇਤਰ ਵਿੱਚ ਖੋਜ ਕਰਨ ਲਈ
B. ਸਾਹਿਤ ਖੇਤਰ ਵਿੱਚ ਚੰਗਾ ਕੰਮ ਕਰਨ ਲਈ
C. ਸੰਗੀਤ ਕਲਾ ਵਿੱਚ ਨਿਪੁੰਨਤਾ ਪ੍ਰਾਪਤ ਕਰਨ ਲਈ
D. ਸ਼ਾਂਤੀ ਸਥਾਪਨਾ ਵਿੱਚ ਅਹਿਮ ਹਿੱਸਾ ਪਾਉਣ ਲਈ